ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ
**(Established by Act No.19 of 2019 of Legislature of the State of Punjab)**

---

PSOU/PRO/2023/10 Date:-21 February 2023

## Seminar on International Mother Language Day at JGND PSOU

School of Languages, Jagat Guru Nanak Dev Punjab State Open University (JGND PSOU) organised seminar on "Punjabi Language: Present and Future" in observance of International Mother Language Day.Prof.Rajinderpal Brar, Dean Languages, Punjabi University, Patiala was the keynote speaker. Mr Darshan Buttar, Sahitya Akademi award winning poet, was the Guest of Honour. Dr Ravinder Singh, Civil Servant, Central Digital and Data Office, London (UK) was special guest on the occasion.

Prof Brar emphasized on the need to maintain linguistic diversity. Delving into the present ecology of Punjabi language, he underscored the importance of providing preliminary education in mother tongue. "There is a dire need to eliminate biases attached to language use. Language belongs to speech community and not a particular faith," said Prof Brar. Elaborating on the role of mother language in enhancing competence, Prof Brar apprised the audience about Punjabipedia.

Mr Darshan Buttar drew attention of participants to richness of Punjabi language. Soul-stirring renditions of introspective compositions by Mr Buttar enthralled the audience.

Dr Ravinder Singh spoke about challenges in learning of Mother Language in UK. He also emphasized on the manner in which technology can enable language learning.

Prof Gurdip Singh Batra, Dean Academic Affairs, JGND PSOU, dwelled on importance of observing a day dedicated to Mother Language. Dr Navleen Multani, Head, School of Languages, while extending vote of thanks said, " It is the responsibility of language users to make special efforts for proliferation of Mother Language. Cultures that remain connected to mother language also preserve traditions and practices of their speech community." Dr. Dharminder Singh, Assistant Professor in Punjabi, coordinated the event. Faculty and staff of JGND PSOU, State College of Education, learners of *Shikshadaat* participated in the seminar.

**Director**
**Public Relations Cell**
**JGND PSOU, Patiala**

**Dean Academic Affairs**

**JAGAT GURU NANAK DEV**
**PUNJAB STATE OPEN UNIVERSITY PATIALA**
**(Established by Act No.19 of 2019 of Legislature of the State of Punjab)**

PSOU/PRO/2023/10

21 February 2023

# ਓਪਨ ਯੂਨੀਵਰਸਿਟੀ ਵਿਖੇ ਮਾਤ ਭਾਸ਼ਾ ਦਿਵਸ ਤੇ ਸੈਮੀਨਾਰ ਕਰਵਾਇਆ

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ,ਪਟਿਆਲਾ ਵੱਲੋਂ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ 'ਪੰਜਾਬੀ ਭਾਸ਼ਾ : ਵਰਤਮਾਨ ਅਤੇ ਭਵਿੱਖ' ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿਚ 21 ਫਰਵਰੀ 1952 ਨੂੰ ਬੰਗਲਾ ਦੇਸ਼ ਦੀ ਰਾਜਧਾਨੀ ਢਾਕਾ 'ਚ ਆਪਣੀ ਮਾਂ ਬੋਲੀ ਲਈ ਲੜਦਿਆਂ ਸ਼ਹੀਦ ਹੋਏ ਲੋਕਾਂ ਨੂੰ ਵੀ ਯਾਦ ਕੀਤਾ ਗਿਆ। ਡਾ.ਜੀ.ਐੱਸ ਬੱਤਰਾ , ਡੀਨ ਅਕਾਦਮਿਕ ਮਾਮਲੇ ਨੇ ਕੌਮਾਂਤਰੀ ਮਾਤ ਭਾਸ਼ਾ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ। ਇਸ ਸੈਮੀਨਾਰ ਵਿਚ ਪ੍ਰਮੁੱਖ ਵਕਤਾ ਵਜੋਂ ਬੋਲਦੇ ਹੋਏ ਡਾ.ਰਾਜਿੰਦਰ ਪਾਲ ਸਿੰਘ ਬਰਾੜ ਕਿਹਾ ਕਿ ਬੱਚਿਆਂ ਦੀ ਮੁੱਢਲੀ ਪੜ੍ਹਾਈ ਦਾ ਮਾਧਿਅਮ ਮਾਤ ਭਾਸ਼ਾ ਹੋਣਾ ਚਾਹੀਦਾ ਹੈ। ਉਹਨਾਂ ਅੱਗੇ ਕਿਹਾ ਕਿ ਭਾਸ਼ਾ ਉਹ ਹੀ ਬਚਦੀ ਹੈ ਜਦੋਂ ਉਹ ਸੰਚਾਰ , ਰੁਜ਼ਗਾਰ ਅਤੇ ਵਪਾਰ ਦੀ ਭਾਸ਼ਾ ਬਣ ਜਾਂਦੀ ਹੈ। ਪੰਜਾਬੀ ਭਾਸ਼ਾ–ਵਰਤਮਾਨ ਅਤੇ ਭਵਿੱਖ ਦੀਆਂ ਚੁਣੌਤੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਉਹਨਾਂ ਕਿਹਾ ਕਿ ਦੁਨੀਆਂ ਦੇ 150 ਮੁਲਕਾਂ ਵਿੱਚ 14 ਕਰੋੜ ਤੋਂ ਵੱਧ ਲੋਕ ਬੋਲਦੇ ਹਨ, ਪੰਜਾਬੀ ਭਾਸ਼ਾ ਦੀ ਆਪਣੀ ਲਿੱਪੀ ਹੈ, ਇਸ ਲਈ ਇਹ ਕਦੇ ਖਤਮ ਹੋਣ ਵਾਲੀ ਨਹੀਂ। ਦਰਸ਼ਨ ਬੁੱਟਰ (ਸਾਹਿਤ ਅਕਾਦਮੀ ਪੁਰਸਕਾਰ ਜੇਤੂ ) ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਮਾਤ ਭਾਸ਼ਾ ਦੀ ਵਧਾਈ ਦਿੰਦੇ ਹੋਏ ਆਪਣੀਆਂ ਨਜ਼ਮਾਂ ਰਾਹੀਂ ਮਨੁੱਖ ਦੀ ਅਸਲ ਜ਼ਿੰਦਗੀ ਬਾਰੇ ਆਪਣੇ ਅਨੁਭਵ ਸਾਂਝੇ ਕੀਤੇ। ਵਿਸ਼ੇਸ਼ ਮਹਿਮਾਨ ਡਾ. ਰਵਿੰਦਰ ਸਿੰਘ ਨੇ U.K ਵਿਚ ਪੰਜਾਬੀ ਭਾਸ਼ਾ ਦੀ ਸਥਿਤੀ ਬਾਰੇ ਦੱਸਦਿਆਂ ਕਿਹਾ ਕਿ ਕਿਵੇਂ ਅਸੀਂ ਡਿਜੀਟਲ ਤਕਨੀਕ ਰਾਹੀਂ ਪੰਜਾਬੀ ਭਾਸ਼ਾ ਨੂੰ ਵਿਕਸਤ ਕਰ ਸਕਦੇ ਆ। ਸਮੁੱਚੇ ਪ੍ਰੋਗਰਾਮ ਨੂੰ ਵਿਧੀਵੱਤ ਰੂਪ ਵਿੱਚ ਡਾ. ਧਰਮਿੰਦਰ ਸਿੰਘ ਵੱਲੋਂ ਚਲਾਇਆ ਗਿਆ। ਸੈਮੀਨਾਰ ਦੇ ਅਖੀਰ ਉੱਪਰ ਡਾ. ਨਵਲੀਨ ਮੁਲਤਾਨੀ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਕੂਲ ਆਫ਼ ਲੈਂਗੁਏਜ ਦੇ ਡਾ. ਵਿਨੋਦ ਕੁਮਾਰ, ਪ੍ਰੋ ਸਰਵਰਿੰਦਰ ਸਿੰਘ, ਪ੍ਰੋ ਗੁਰਸ਼ੰਦੇਸ ਸਿੰਘ ਅਤੇ ਸਮੁੱਚਾ ਸਟਾਫ਼ ਤੇ ਵਿਦਿਆਰਥੀ ਵੀ ਹਾਜ਼ਰ ਸਨ।

ਡਾਇਰੈਕਟਰ
ਲੋਕ ਸੰਪਰਕ ਸੈੱਲ

ਡੀਨ ਅਕਾਦਮਿਕ ਮਾਮਲੇ

https://www.tribuneindia.com/news/patiala/seminar-on-punjabi-language-481976

# ਓਪਨ ਯੂਨੀਵਰਸਿਟੀ ਵਿਖੇ ਮਾਤ ਭਾਸ਼ਾ ਦਿਵਸ 'ਤੇ ਸੈਮੀਨਾਰ ਕਰਵਾਇਆ

ਸੁਭਾਸ਼ ਪਾਠਕ



**ਸਮਾਣਾ/22 ਫ਼ਰਵਰੀ :** ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ,ਪਟਿਆਲਾ ਵੱਲੋਂ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ @ ਪੰਜਾਬੀ ਭਾਸ਼ਾ : ਵਰਤਮਾਨ ਅਤੇ ਭਵਿੱਖ@ ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿਚ 21 ਫਰਵਰੀ 1952 ਨੂੰ ਬੰਗਲਾ ਦੇਸ਼ ਦੀ ਰਾਜਧਾਨੀ ਢਾਕਾ @ਚ ਆਪਣੀ ਮਾਂ ਬੋਲੀ ਲਈ ਲੜਦਿਆਂ ਸ਼ਹੀਦ ਹੋਏ ਲੋਕਾਂ ਨੂੰ ਵੀ ਯਾਦ ਕੀਤਾ ਗਿਆ। ਡਾ.ਜੀ.ਐੱਸ. ਬੱਤਰਾ, ਡੀਨ ਅਕਾਦਮਿਕ ਮਾਮਲੇ ਨੇ ਕੌਮਾਂਤਰੀ ਮਾਤ ਭਾਸ਼ਾ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ। ਇਸ ਸੈਮੀਨਾਰ ਵਿਚ ਪ੍ਰਮੁੱਖ ਵਕਤਾ ਵਜੋਂ ਬੋਲਦੇ ਹੋਏ ਡਾ.ਰਾਜਿੰਦਰ ਪਾਲ ਸਿੰਘ ਬਰਾੜ ਕਿਹਾ ਕਿ ਬੱਚਿਆਂ ਦੀ ਮੁੱਢਲੀ ਪੜ੍ਹਾਈ ਦਾ ਮਾਧਿਅਮ ਮਾਤ ਭਾਸ਼ਾ ਹੋਣਾ ਚਾਹੀਦਾ ਹੈ। ਉਹਨਾਂ ਅੱਗੇ ਕਿਹਾ ਕਿ ਭਾਸ਼ਾ ਉਹ ਹੀ ਬਚਦੀ ਹੈ ਜਦੋਂ ਉਹ ਸੰਚਾਰ, ਰੁਜ਼ਗਾਰ ਅਤੇ ਵਪਾਰ ਦੀ ਭਾਸ਼ਾ ਬਣ ਜਾਂਦੀ ਹੈ। ਪੰਜਾਬੀ ਭਾਸ਼ਾ ਵਰਤਮਾਨ ਅਤੇ ਭਵਿੱਖ ਦੀਆਂ ਚੁਣੌਤੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਉਹਨਾਂ ਕਿਹਾ ਕਿ ਦੁਨੀਆਂ ਦੇ 150 ਮੁਲਕਾਂ ਵਿੱਚ 14 ਕਰੋੜ ਤੋਂ ਵੱਧ ਲੋਕ ਬੋਲਦੇ ਹਨ, ਪੰਜਾਬੀ ਭਾਸ਼ਾ ਦੀ ਆਪਣੀ ਲਿੱਪੀ ਹੈ, ਇਸ ਲਈ ਇਹ ਕਦੇ ਖਤਮ ਹੋਣ ਵਾਲੀ ਨਹੀਂ। ਦਰਸ਼ਨ ਬੁੱਟਰ (ਸਾਹਿਤ ਅਕਾਦਮੀ ਪੁਰਸਕਾਰ ਜੇਤੂ ) ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਮਾਤ ਭਾਸ਼ਾ ਦੀ ਵਧਾਈ ਦਿੰਦੇ ਹੋਏ ਆਪਣੀਆਂ ਨਜ਼ਮਾਂ ਰਾਹੀਂ ਮਨੁੱਖ ਦੀ ਅਸਲ ਜ਼ਿੰਦਗੀ ਬਾਰੇ ਆਪਣੇ ਅਨੁਭਵ ਸਾਂਝੇ ਕੀਤੇ। ਵਿਸ਼ੇਸ਼ ਮਹਿਮਾਨ ਡਾ ਰਵਿੰਦਰ ਸਿੰਘ ਨੇ ਯੂ ਕੇ ↔ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ ਬਾਰੇ ਦੱਸਦਿਆਂ ਕਿਹਾ ਕਿ ਕਿਵੇਂ ਅਸੀਂ ਡਿਜੀਟਲ ਤਕਨੀਕ ਰਾਹੀਂ ਪੰਜਾਬੀ ਭਾਸ਼ਾ ਨੂੰ ਵਿਕਸਤ ਕਰ ਸਕਦੇ ਆ। ਸਮੁੱਚੇ ਪ੍ਰੋਗਰਾਮ ਨੂੰ ਵਿਧੀਵੱਤ ਰੂਪ ਵਿੱਚ ਡਾ. ਧਰਮਿੰਦਰ ਸਿੰਘ ਵੱਲੋਂ ਚਲਾਇਆ ਗਿਆ।ਸੈਮੀਨਾਰ ਦੇ ਅਖੀਰ ਉੱਪਰ ਡਾ. ਨਵਲੀਨ ਮੁਲਤਾਨੀ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਕੂਲ ਆਫ਼ ਲੈਂਗੁਏਜ ਦੇ ਡਾ ਵਿਨੋਦ ਕੁਮਾਰ, ਪ੍ਰੋ ਸਰਵਰਿੰਦਰ ਸਿੰਘ, ਪ੍ਰੋ. ਗੁਰਸ਼ੰਦੇਸ ਸਿੰਘ ਅਤੇ ਸਮੁੱਚਾ ਸਟਾਫ਼ ਤੇ ਵਿਦਿਆਰਥੀ ਵੀ ਹਾਜ਼ਰ ਸਨ।

# SEMINAR ON PUNJABI LANGUAGE

**Patiala:** The School of Languages, Jagat Guru Nanak Dev Punjab State Open University (JGND PSOU), organised a seminar on "Punjabi Language: Present and Future" to observe International Mother Language Day. Prof Rajinderpal Brar, Dean Languages, Punjabi University, emphasised on the need to maintain linguistic diversity and to provide preliminary education in mother tongue. TNS